# IRONWORKER

## ਇਸ ਕਿੱਤੇ ਬਾਰੇ

ਆਇਰਨਵਰਕਰ ਸਾਰੇ ਰੀਬਾਰ, ਪੋਸਟ ਟੈਨਸ਼ਨਿੰਗ ਅਤੇ ਸਟ੍ਰਕਚਰਲ ਸਟੀਲ ਨੂੰ ਉਸਾਰੀ ਵਾਲੀ ਥਾਂ `ਤੇ ਟਿਕਾਉਂਦੇ ਹਨ, ਸਾਂਭਦੇ ਹਨ ਅਤੇ ਰੱਖਦੇ ਹਨ ਜਿਵੇਂ ਕਿ ਕੌਲਮ, ਬੀਮਜ਼, ਗਰਡਰ ਅਤੇ ਹੋਰ। ਬੀ.ਸੀ. ਵਿਚ, ਉਹ ਹਾਈ ਰਾਈਜ਼ ਅਤੇ ਕਮਰਸ਼ੀਅਲ ਬਿਲਡਿੰਗਾਂ, ਪੁਲਾਂ, ਟਨਲਾਂ, ਡੈਮਾਂ, ਸਟੇਡੀਅਮਾਂ ਅਤੇ ਹੋਰ ਢਾਂਚਿਆਂ `ਤੇ ਕੰਮ ਕਰ ਸਕਦੇ ਹਨ। ਆਇਰਨਵਰਕਰ ਜਨਰਲਿਸਟ ਮਜ਼ਬੂਤੀ ਅਤੇ ਢਾਂਚਿਆਂ ਲਈ ਸਟੀਲ ਦੋਨਾਂ ਵਿਚ ਟਰੇਂਡ ਹੁੰਦਾ ਹੈ।



"ਮੈਨੂੰ ਆਪਣੇ ਵਲੋਂ ਕੀਤੇ ਜਾਂਦੇ ਕੰਮ `ਤੇ ਬਹੁਤ ਮਾਣ ਹੈ। ਜਿਹੜੇ ਢਾਂਚੇ ਅਸੀਂ ਬਣਾਉਂਦੇ ਹਾਂ, ਉਹ ਬਣਾਉਣ ਲਈ ਤਾਕਤ, ਹੌਸਲੇ ਅਤੇ ਖਾਸ ਹੁਨਰਾਂ ਦੀ ਲੋੜ ਹੁੰਦੀ ਹੈ।"

**$25.00-$50.00 /ਪ੍ਰਤੀ ਘੰਟਾ**

ਅਨੁਮਾਨਤ ਵਾਧਾ (ਕਨਸਟਰੱਕਸ਼ਨ ਲੇਬਰ ਫੋਰਸ)
2020 ਦੇ ਮੁਕਾਬਲੇ ਦਹਾਕੇ ਦੌਰਾਨ 10%

**BuildForce Canada*

- ✓ ਤੁਸੀਂ ਤਕੜੇ, ਫੁਰਤੀਲੇ ਹੋ ਅਤੇ ਤੁਹਾਡਾ ਸੰਤੁਲਨ ਚੰਗਾ ਹੈ।
- ✓ ਤੁਹਾਡੀ ਰੁਚੀ ਮਕੈਨੀਕਲ ਹੈ।
- ✓ ਤੁਸੀਂ ਆਪਣੇ ਹੱਥਾਂ ਨਾਲ ਕੰਮ ਕਰਨਾ ਪਸੰਦ ਕਰਦੇ ਹੋ।

## ਜ਼ਿੰਮੇਵਾਰੀਆਂ

- ਕੰਕਰੀਟ ਨੂੰ ਮਜ਼ਬੂਤ ਕਰਨ ਲਈ ਸਟੀਲ ਬਾਰਾਂ ਅਤੇ ਤਾਰਾਂ ਦੇ ਜਾਲ ਨੂੰ ਸਲੈਕਟ ਕਰਨਾ, ਕੱਟਣਾ, ਮੋੜਨਾ, ਟਿਕਾਉਣਾ ਅਤੇ ਸੁਰੱਖਿਅਤ ਕਰਨਾ
- ਬਲੂਪ੍ਰਿੰਟ ਅਤੇ ਵੇਰਵੇ ਪੜ੍ਹਨਾ
- ਭਾਰੀ ਸਾਜ਼-ਸਾਮਾਨ ਅਤੇ ਸਾਮੱਗਰੀ ਨੂੰ ਲਿਜਾਣ ਅਤੇ ਇਨਸਟਾਲ ਕਰਨ ਲਈ ਰਿਗਿੰਗ, ਜੈਕਸ ਅਤੇ ਰੋਲਰਜ਼ ਨੂੰ ਜੋੜਨਾ
- ਮੈਂਬਰਾਂ ਨਾਲ ਸਾਜ਼-ਸਾਮਾਨ ਲਾਉਣਾ ਅਤੇ ਕਰੇਨ ਚਲਾਉਣ ਵਾਲੇ ਨੂੰ ਹੱਥਾਂ ਦੇ ਸਿਗਨਲਾਂ ਅਤੇ ਰੇਡਿਓ ਨਾਲ ਸੇਧ ਦੇਣਾ
- ਸਾਰੀਆਂ ਕਿਸਮਾਂ ਦੀਆਂ ਕਰੇਨਾਂ ਅਤੇ ਚੁੱਕਣ ਵਾਲੇ ਸਾਜ਼-ਸਾਮਾਨ ਨੂੰ ਖੜ੍ਹਾ ਕਰਨਾ ਅਤੇ ਇਨਸਟਾਲ ਕਰਨਾ
- ਪ੍ਰੀ-ਫੈਬਰੀਕਿਟਡ ਮੈਟਲ ਅਤੇ ਪ੍ਰੀ-ਕਾਸਟ ਕੰਕਰੀਟ ਢਾਂਚਿਆਂ ਨੂੰ ਜੋੜਨਾ ਅਤੇ ਖੜ੍ਹਾ ਕਰਨਾ
- ਸਜਾਵਟੀ/ਆਰਕੀਟੈਕਚਰਲ ਅਤੇ ਹੋਰ ਮੈਟਲਵਰਕ ਨੂੰ ਇਨਸਟਾਲ ਕਰਨਾ

## ਤੁਹਾਨੂੰ ਕਿਸ ਚੀਜ਼ ਦੀ ਲੋੜ ਪਵੇਗੀ

### ਦਾਖਲੇ ਦੀਆਂ ਸ਼ਰਤਾਂ

**ਹਾਈ ਸਕੂਲ:**
ਸਿਫਾਰਸ਼: ਕਿਸੇ ਅੰਗਰੇਜ਼ੀ ਬੋਲਦੇ ਦੇਸ਼ ਵਿਚ ਇੰਗਲਿੰਸ਼ **12 (50%)** ਜਾਂ ਕਮਿਊਨੀਕੇਸ਼ਨਜ਼ **12 (67%)** | **ਮੈਥ 10** ਨਾਲ ਅੰਗਰੇਜ਼ੀ ਦੀ ਦੋ ਸਾਲਾਂ ਦੀ ਪੜ੍ਹਾਈ

ਆਇਰਨਵਰਕਰ ਟਰੇਡ ਵਿਚ ਦਿਲਚਸਪੀ ਰੱਖਣ ਵਾਲਿਆਂ ਨੂੰ ਬੀ ਸੀ ਆਈ ਟੀ ਵਿਖੇ ਆਇਰਨਵਰਕਰ ਫਾਊਂਡੇਸ਼ਨ ਕਲਾਸ ਲੈਣ ਬਾਰੇ ਵਿਚਾਰ ਕਰਨਾ ਚਾਹੀਦਾ ਹੈ।

**ਅਪਰੈਂਟਿਸਸ਼ਿਪ ਪ੍ਰੋਗਰਾਮ:**
ਆਇਰਨਵਰਕਰ ਜਨਰਲਿਸਟ ਲਈ 4,740 ਘੰਟਿਆਂ ਅਤੇ 3 ਲੈਵਲਾਂ ਦੀ ਟੈਕਨੀਕਲ ਅਤੇ ਜੌਬ `ਤੇ ਟਰੇਨਿੰਗ, ਅਤੇ ਇਮਤਿਹਾਨ ਦੀ ਲੋੜ ਹੁੰਦੀ ਹੈ। ਆਇਰਨਵਰਕਰ ਰੀਇਨਫੋਰਸਿੰਗ ਲਈ 3,180 ਘੰਟਿਆਂ ਅਤੇ 2 ਲੈਵਲਾਂ ਦੀ ਟੈਕਨੀਕਲ ਅਤੇ ਜੌਬ `ਤੇ ਟਰੇਨਿੰਗ, ਅਤੇ ਇਮਤਿਹਾਨ ਦੀ ਲੋੜ ਹੁੰਦੀ ਹੈ। ਕਾਮਯਾਬੀ ਨਾਲ ਸਮਾਪਤੀ ਤੋਂ ਬਾਅਦ ਜਰਨੀਪਰਸਨ ਸਰਟੀਫਿਕੇਟ ਦਿੱਤਾ ਜਾਂਦਾ ਹੈ। ਅਪਰੈਂਟਿਸ ਦੇ ਤੌਰ `ਤੇ, ਤੁਸੀਂ ਸਿੱਖਣ ਵੇਲੇ ਪੈਸੇ ਵੀ ਕਮਾਉਂਦੇ ਹੋ। ਸਾਰੇ ਲੋਕਲ 97 ਅਪਰੈਂਟਿਸਿਸਜ਼ ਦੀ 80% ਕੋਲ 3 ਸਾਲਾਂ ਵਿਚ ਆਪਣੀ ਰੈੱਡ ਸੀਲ ਹੁੰਦੀ ਹੈ।

### ਮੁੱਖ ਹੁਨਰ ਅਤੇ ਗੁਣ
(ਟੈਕਨੀਕਲ ਟਰੇਨਿੰਗ ਅਤੇ ਜੌਬ ਉੱਪਰ)

- ਗੱਲਬਾਤ ਕਰਨ, ਸਮੱਸਿਆ ਦਾ ਹੱਲ ਕਰਨ ਅਤੇ ਪਲੈਨਿੰਗ ਦੇ ਵਧੀਆ ਹੁਨਰ
- ਪੜ੍ਹਨ ਅਤੇ ਹਿਸਾਬ ਦੇ ਹੁਨਰ
- ਸਰੀਕਤ ਤਾਕਤ ਅਤੇ ਪੱਠਿਆਂ ਦਾ ਤਾਲਮੇਲ
- ਉਚਾਈਆਂ `ਤੇ ਅਤੇ ਵੱਖ ਵੱਖ ਮੌਸਮਾਂ ਵਿਚ ਕੰਮ ਕਰਨ ਦੀ ਸਮਰੱਥਾ
- ਖਤਰਨਾਕ ਹਾਲਤਾਂ ਦੀ ਪਛਾਣ ਕਰਨ ਅਤੇ ਐਮਰਜੰਸੀਆਂ ਵਿਚ ਤੇਜ਼ੀ ਨਾਲ ਅਤੇ ਦ੍ਰਿੜਤਾ ਨਾਲ ਕਦਮ ਚੁੱਕਣ ਦੀ ਸਮਰੱਥਾ
- ਸਹਿਯੋਗ ਵਾਲੇ ਮਾਹੌਲ ਵਿਚ ਕੰਮ ਕਰਨ ਦੀ ਸਮਰੱਥਾ

College of the BC Building Trades

**ਕੀ ਤੁਹਾਨੂੰ ਪਤਾ ਸੀ?**

ਆਇਰਨਵਰਕਿੰਗ ਇਕ ਬਹੁ-ਪੱਖੀ ਕਿੱਤਾ ਹੈ ਅਤੇ ਇਸ ਵਿਚ ਵੱਖ ਵੱਖ ਇੰਡਸਟਰੀਆਂ ਵਿਚ ਅਤੇ ਸਥਾਨਾਂ `ਤੇ ਬਿਲਕੁਲ ਸਹੀ ਕੰਮ ਕਰਨਾ ਸ਼ਾਮਲ ਹੁੰਦਾ ਹੈ। ਲੋਕਲ 97 ਬੀ ਸੀ ਵਿਚ ਆਇਰਨਵਰਕਿੰਗ ਅਪਰੈਂਟਿਸਸ਼ਿਪ ਦੀ ਸਭ ਤੋਂ ਵੱਡੀ ਸਮਰਥਕ ਹੈ।

info@collegeofthebcbt.ca | www.collegeofthebcbt.ca